ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮਿਤੀ 03 ਅਗਸਤ ਐਤਵਾਰ 2025

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

# ਬਰੈਂਪਟਨ ਦੇ ਵਿਸ਼ਵ ਪੰਜਾਬੀ ਭਵਨ ਵਿਖੇ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਪੰਜਾਬੀਆਂ ਦੇ ਹੋਏ ਰੂਬਰੂ





ਬਰੈਂਪਟਨ, 03 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਵਿਸ਼ਵ ਪੰਜਾਬੀ ਸਭਾ ਕੈਨੇਡਾ, ਸਭਰੰਗ ਕੈਨੇਡਾ ਅਤੇ ਰੇਡੀਓ ਸਰਗਮ ਵੱਲੋਂ ਬਰੈਂਪਟਨ ਦੇ ਵਿਸ਼ਵ ਪੰਜਾਬੀ ਭਵਨ ਵਿਖੇ ਪੁਸਤਕ ਲੋਕ ਅਰਪਣ ਅਤੇ ਵਿਚਾਰ ਚਰਚਾ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦੀ ਮੇਜ਼ਬਾਨੀ ਤੇ ਹੋਸਟ ਸਰਦਾਰ ਬਲਵਿੰਦਰ ਸਿੰਘ ਸੀਨੀਅਰ ਪੱਤਰਕਾਰ ਰੇਡੀਓ ਸਰਗਮ ਦੇ ਮੁਖੀ ਵੱਲੋਂ ਕੀਤੀ ਗਈ। ਇਸ ਸਮਾਗਮ ਵਿੱਚ ਪੰਜਾਬ ਦੇ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਅਤੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੇ ਰੂਬਰੂ ਹੋਏ। ਇਸ ਦੌਰਾਨ ਉਹਨਾਂ ਨੇ ਕੈਨੇਡਾ ਵਿੱਚ ਵਸਦੇ ਪੰਜਾਬੀਆਂ ਦੇ ਦਿਲਾਂ ਵਿੱਚ ਪੈਦਾ ਹੋ ਰਹੇ ਵਾਵਰੋਲਿਆਂ ਅਤੇ ਪੰਜਾਬ ਦੇ ਭਵਿੱਖ ਸਬੰਧੀ ਕੀਤੇ ਗਏ ਸਵਾਲਾਂ ਦੇ ਸੁਚੱਜੇ ਢੰਗ ਨਾਲ ਜਵਾਬ ਵੀ ਦਿੱਤੇ ਗਏ। ਜਦਕਿ ਸੁਹਿਰਦ ਅਤੇ ਬੁੱਧੀਜੀਵੀਆਂ ਵੱਲੋਂ ਵੀ ਆਪਣੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਰੂਬਰੂ ਸਮਾਗਮ ਦੌਰਾਨ ਪੰਜਾਬ ਦੇ ਭਵਿੱਖ ਸਬੰਧੀ ਵਿਚਾਰ ਵਟਾਂਦਰਾ ਕਰਦੇ ਸਮੇਂ ਪੰਜਾਬ ਦੇ ਮੌਜੂਦਾ ਹਾਲਾਤ, ਕਿਸਾਨੀ ਸੰਕਟ, ਪੰਜਾਬ ਦਾ ਆਰਥਿਕ ਸੰਕਟ, ਪੰਜਾਬ ਦੇ ਸਿਰ ਤੇ ਚੜ੍ਹਿਆ ਕਰਜ਼ਾ, ਲੀਡਰਸ਼ਿਪ ਦੀ ਘਾਟ, ਪੰਜਾਬ ਦੇ ਪਾਣੀ ਸਮੇਤ ਕਈ ਅਹਿਮ ਮੁੱਦਿਆਂ ਤੇ ਵਿਚਾਰ ਚਰਚਾ ਹੋਈ। ਜਿਨਾਂ ਦੇ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਵੱਲੋਂ ਸੁਚੱਜੇ ਢੰਗ ਨਾਲ ਸੁਝਾਵ ਵੀ ਦੱਸੇ ਗਏ। ਸੀਨੀਅਰ ਪੱਤਰਕਾਰ ਜਗਤਾਰ ਸਿੰਘ ਵੱਲੋਂ ਪੰਜਾਬ ਦੇ ਮੌਜੂਦਾ ਹਾਲਾਤਾਂ ਦੇ ਹੱਲ ਵਾਸਤੇ ਸਾਰੀਆਂ ਸਿਆਸੀ ਧੀਰ, ਕਿਸਾਨ ਜਥੇਬੰਦੀਆਂ ਅਤੇ ਇੰਡਸਟਰੀਅਲ ਖ਼ੇਤਰ ਦੇ ਕਰੀਬ 100 ਤੋਂ 200 ਨੁਮਾਇੰਦਿਆਂ ਨੂੰ ਇਕੱਠੇ ਹੋ ਕੇ 5 ਜਾਂ 10 ਨੁਕਾਤੀ ਪ੍ਰੋਗਰਾਮ ਬਣਾਉਣ ਅਤੇ ਉਸ ਨੂੰ ਪੰਜਾਬ ਤੇ ਲਾਗੂ ਕਰਨ ਦਾ ਸੁਝਾਅ ਦਿੱਤਾ। ਉਹਨਾਂ ਕਿਹਾ ਕਿ ਅਜਿਹਾ ਠੋਸ ਪ੍ਰੋਗਰਾਮ ਬਣਾ ਕੇ ਉਸ ਨੂੰ ਲਾਗੂ ਕਰਨ ਨਾਲ ਹੀ ਪੰਜਾਬ ਦੇ ਮੌਜੂਦਾ ਹਾਲਾਤ ਵਿੱਚ ਸੁਧਾਰ ਕੀਤਾ ਜਾ ਸਕਦਾ। ਇਸ ਅਵਸਰ ਤੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਉਧਰ, ਅੰਟਾਰੀਓ ਸਿੱਖ ਗੁਰਦੁਆਰਾ ਕਮੇਟੀ ਦੇ ਆਗੂਆਂ ਨੇ ਵੀ ਸਰਦਾਰ ਜਗਤਾਰ ਸਿੰਘ ਨੂੰ ਸਨਮਾਨਿਤ ਵੀ ਕੀਤਾ ਤੇ ਉਹਨਾਂ ਨਾਲ ਹਰ ਸਮੇਂ ਖੜਨ ਦਾ ਅਹਿਦ ਵੀ ਲਿਆ।








# ਵਿਸ਼ਵ ਪੰਜਾਬੀ ਸਭਾ ਕੈਨੇਡਾ, ਸਭਰੰਗ ਕੈਨੇਡਾ ਅਤੇ ਰੇਡੀਓ ਸਰਗਮ ਵੱਲੋਂ ਬਰੈਂਪਟਨ ਦੇ ਵਿਸ਼ਵ ਪੰਜਾਬੀ ਭਵਨ ਵਿਖੇ ਪੁਸਤਕ ਲੋਕ ਅਰਪਣ ਅਤੇ ਵਿਚਾਰ ਚਰਚਾ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਪੰਜਾਬ ਦੇ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਅਤੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੇ ਰੂਬਰੂ ਹੋਏ। ਉਹਨਾਂ ਨੇ ਕੈਨੇਡਾ ਵਿੱਚ ਵਸਦੇ ਪੰਜਾਬੀਆਂ ਦੇ ਦਿਲਾਂ ਵਿੱਚ ਪੈਦਾ ਹੋ ਰਹੇ ਵਾਵਰੋਲਿਆਂ ਅਤੇ ਪੰਜਾਬ ਦੇ ਭਵਿੱਖ ਸਬੰਧੀ ਕੀਤੇ ਗਏ ਸਵਾਲਾਂ ਦੇ ਸੁਚੱਜੇ ਢੰਗ ਨਾਲ ਜਵਾਬ ਵੀ ਦਿੱਤੇ।




















NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
SHOPPING TROLLEYS
100 Kennedy Rd S,
Brampton, ON L6W 3E7, Canada
905-230-4800


NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
THANK YOU FOR SHOPPING
SHOPPING BASKETS
100 Kennedy Rd S,
Brampton, ON L6W 3E7, Canada
905-230-4800


NEW YEAR WISHES 2025
BRAMPTON CASH & CARRY
Importer | Wholesaler | Retailer
FESTIVITY AND OCCASION
PUNJABI VIRSA DECOR
100 Kennedy Rd S,
Brampton, ON L6W 3E7, Canada
905-230-4800


Village of India
RESTAURANT & SWEETS
SNACKY DELIGHTS
GARMA GARAM JALEBI AND PAKODE
114 Kennedy Rd S,
Brampton, ON
905-450-3333

# ਕੈਨੇਡਾ ਤੇ ਆਸਟਰੇਲੀਆ ਨੇ ਕਸੀ ਚੂੜੀ ਤਾਂ ਪੰਜਾਬ ਦੇ ਨੌਜਵਾਨਾਂ 'ਚ ਘਟਿਆ ਵਿਦੇਸ਼ ਜਾਣ ਦਾ ਕ੍ਰੇਜ਼ ! 2025 'ਚ ਹੁਣ ਤੱਕ ਸਿਰਫ਼ 3.60 ਲੱਖ ਪਾਸਪੋਰਟ ਬਣੇ

ਕੈਨੇਡਾ, 03 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਵਿਦੇਸ਼ ਜਾਣ ਦਾ ਕ੍ਰੇਜ਼ ਬਹੁਤ ਤੇਜ਼ੀ ਨਾਲ ਵਧਿਆ ਸੀ। ਚੋਣਾਂ ਵਿੱਚ ਵੀ ਇਸ ਮੁੱਦੇ 'ਤੇ ਬਹੁਤ ਰਾਜਨੀਤੀ ਹੋਈ ਸੀ, ਪਰ ਹੁਣ ਸਥਿਤੀ ਬਦਲ ਰਹੀ ਹੈ। ਕੈਨੇਡਾ, ਆਸਟ ?ਰੇਲੀਆ ਸਮੇਤ ਹੋਰ ਦੇਸ਼ਾਂ ਵਿੱਚ ਸਖ਼ਤ ਨਿਯਮਾਂ ਕਾਰਨ ਪੰਜਾਬ ਤੋਂ ਪਾਸਪੋਰਟ ਲਈ ਅਰਜ਼ੀ ਦੇਣ ਵਾਲਿਆਂ ਦੀ ਗਿਣਤੀ ਵਿੱਚ ਕਾਫ਼ੀ ਕਮੀ ਆਈ ਹੈ। ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਅਨੁਸਾਰ, 1 ਜਨਵਰੀ ਤੋਂ 30 ਜੂਨ, 2025 ਤੱਕ, ਪੰਜਾਬ ਵਿੱਚ ਰੋਜ਼ਾਨਾ ਔਸਤਨ 1978 ਪਾਸਪੋਰਟ ਅਰਜ਼ੀਆਂ ਪ੍ਰਾਪਤ ਹੋਈਆਂ, ਜੋ ਕਿ ਪਿਛਲੇ ਕਈ ਸਾਲਾਂ ਵਿੱਚ ਸਭ ਤੋਂ ਘੱਟ ਹੈ। ਜਦੋਂ ਕਿ 2024 ਵਿੱਚ ਇਹ ਅੰਕੜਾ ਰੋਜ਼ਾਨਾ 2,906 ਦੇ ਆਸਪਾਸ ਸੀ।

ਪੰਜਾਬ ਸਰਕਾਰ ਇਸਨੂੰ ਆਪਣੀ ਸਫਲਤਾ ਦੱਸ ਰਹੀ ਹੈ, ਕਿਉਂਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਉਨ੍ਹਾਂ ਨੇ 'ਵਤਨ ਵਾਪਸੀ' ਦਾ ਨਾਅਰਾ ਦਿੱਤਾ ਸੀ। ਹਾਲਾਂਕਿ, ਅਸਲ ਕਾਰਨ ਇਹ ਵੀ ਹੈ ਕਿ ਕੈਨੇਡਾ, ਆਸਟ ?ਰੇਲੀਆ ਅਤੇ ਅਮਰੀਕਾ ਵਰਗੇ ਦੇਸ਼ਾਂ ਨੇ ਵੀਜ਼ਾ ਅਤੇ ਇਮੀਗ੍ਰੇਸ਼ਨ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਹੈ, ਜਿਸ ਕਾਰਨ ਵਿਦੇਸ਼ ਜਾਣ ਦੇ ਸੁਪਨੇ ਦੇਖਣ ਵਾਲੇ ਨੌਜਵਾਨਾਂ ਨੂੰ ਹੁਣ ਰੁਕਣਾ ਪੈ ਰਿਹਾ ਹੈ। ਜੇ ਅਸੀਂ ਇਸ ਸਾਲ ਹੁਣ ਤੱਕ ਬਣੇ ਪਾਸਪੋਰਟਾਂ ਦੇ ਅੰਕੜਿਆਂ 'ਤੇ ਨਜ਼ਰ



ਮਾਰੀਏ ਤਾਂ ਸਥਿਤੀ ਬਹੁਤ ਬਦਲ ਗਈ ਜਾਪਦੀ ਹੈ। ਜਨਵਰੀ ਤੋਂ ਜੂਨ 2025 ਤੱਕ, ਰਾਜ ਵਿੱਚ ਲਗਭਗ 3.60 ਲੱਖ ਪਾਸਪੋਰਟ ਬਣਾਏ ਗਏ ਹਨ। ਜੇਕਰ ਇਹ ਰਫ਼ਤਾਰ ਸਾਲ ਭਰ ਜਾਰੀ ਰਹੀ, ਤਾਂ ਸਾਲ ਦੇ ਅੰਤ ਤੱਕ ਇਹ ਗਿਣਤੀ ਲਗਭਗ 7.50 ਲੱਖ ਤੱਕ ਪਹੁੰਚ ਜਾਵੇਗੀ, ਜੋ ਕਿ ਪਿਛਲੇ ਚਾਰ ਸਾਲਾਂ ਵਿੱਚ ਸਭ ਤੋਂ ਘੱਟ ਹੋਵੇਗੀ।

ਇਸ ਤੋਂ ਪਹਿਲਾਂ, 2021 ਵਿੱਚ ਸਭ ਤੋਂ ਘੱਟ ਪਾਸਪੋਰਟ ਬਣਾਏ ਗਏ ਸਨ, ਜਦੋਂ ਸਿਰਫ 6.44 ਲੱਖ ਪਾਸਪੋਰਟ ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਹਾਲਾਂਕਿ, 2021 ਵਿੱਚ, ਇਸਦਾ ਕਾਰਨ ਅੰਤਰਰਾਸ਼ਟਰੀ ਯਾਤਰਾ 'ਤੇ ਪਾਬੰਦੀ ਅਤੇ ਤਾਲਾਬੰਦੀ ਕਾਰਨ ਪਾਸਪੋਰਟ ਦਫਤਰਾਂ ਦਾ ਬੰਦ ਹੋਣਾ ਸੀ। ਪਰ ਜੇਕਰ ਅਸੀਂ 2021 ਨੂੰ ਛੱਡ ਦੇਈਏ, ਤਾਂ ਇਸਨੂੰ ਪਿਛਲੇ 10 ਸਾਲਾਂ ਵਿੱਚ ਸਭ ਤੋਂ ਵੱਡੀ ਗਿਰਾਵਟ ਮੰਨਿਆ ਜਾਂਦਾ ਹੈ। 2014 ਤੋਂ ਹੁਣ ਤੱਕ ਪੰਜਾਬ ਵਿੱਚ ਕੁੱਲ 95.41 ਲੱਖ ਪਾਸਪੋਰਟ ਬਣਾਏ ਗਏ ਹਨ, ਜਦੋਂ ਕਿ ਸੂਬੇ ਵਿੱਚ ਲਗਭਗ 65 ਲੱਖ ਘਰ ਹਨ ਅਤੇ ਲਗਭਗ 3 ਕਰੋੜ ਦੀ ਆਬਾਦੀ ਹੈ। ਇਸਦਾ ਮਤਲਬ ਹੈ ਕਿ ਪੰਜਾਬ ਵਿੱਚ ਹਰ ਤੀਜਾ ਵਿਅਕਤੀ ਪਾਸਪੋਰਟ ਧਾਰਕ ਹੈ, ਜੋ ਦਰਸਾਉਂਦਾ ਹੈ ਕਿ ਇੱਥੇ ਵਿਦੇਸ਼ ਜਾਣ ਦੀ ਇੱਛਾ ਕਿੰਨੀ ਜ਼ਿਆਦਾ ਹੈ।

ਹੁਣ ਨਾ ਸਿਰਫ਼ ਪਾਸਪੋਰਟ ਬਣਵਾਉਣ ਵਿੱਚ ਕਮੀ ਆਈ ਹੈ, ਸਗੋਂ ਕੈਨੇਡਾ ਤੋਂ ਵਾਪਸ ਆਉਣ ਵਾਲੇ ਨੌਜਵਾਨਾਂ ਦੀ ਗਿਣਤੀ ਵੀ ਵੱਧ ਰਹੀ ਹੈ। ਵਾਪਸ ਆਏ ਨੌਜਵਾਨਾਂ ਦਾ ਕਹਿਣਾ ਹੈ ਕਿ ਉੱਥੇ ਬਹੁਤ ਤਣਾਅ ਹੈ ਅਤੇ ਲਗਾਤਾਰ ਤਣਾਅ ਕਾਰਨ ਬਹੁਤ ਸਾਰੇ ਲੋਕ ਡਿਪਰੈਸ਼ਨ ਵਿੱਚ ਜਾ ਰਹੇ ਹਨ। ਕਈ ਮਹੀਨਿਆਂ ਤੱਕ ਨੌਕਰੀਆਂ ਨਹੀਂ ਮਿਲਦੀਆਂ, ਅਤੇ ਜਦੋਂ ਤੱਕ ਨੌਕਰੀ ਮਿਲਦੀ ਹੈ, ਖਰਚਿਆਂ ਦਾ ਪ੍ਰਬੰਧਨ ਕਰਨਾ ਵੀ ਮੁਸ਼ਕਲ ਹੋ ਜਾਂਦਾ ਹੈ।

ਕੈਨੇਡਾ ਵਿੱਚ ਨੌਕਰੀਆਂ ਹੁਣ ਪਹਿਲਾਂ ਵਰਗੀਆਂ ਨਹੀਂ ਰਹੀਆਂ। ਜ਼ਿਆਦਾਤਰ ਥਾਵਾਂ 'ਤੇ ਸਿਰਫ਼ ਸਿਖਲਾਈ ਪ੍ਰਾਪਤ ਸਟਾਫ਼ ਦੀ ਮੰਗ ਹੈ, ਜਿਸ ਕਾਰਨ ਨਵੇਂ ਜਾਂ ਘੱਟ ਤਜਰਬੇਕਾਰ ਨੌਜਵਾਨਾਂ ਲਈ ਨੌਕਰੀ ਪ੍ਰਾਪਤ ਕਰਨਾ ਹੋਰ ਵੀ ਮੁਸ਼ਕਲ ਹੋ ਗਿਆ ਹੈ। ਇਹੀ ਕਾਰਨ ਹੈ ਕਿ ਹੁਣ ਬਹੁਤ ਸਾਰੇ ਨੌਜਵਾਨ ਜਾਂ ਤਾਂ ਵਾਪਸ ਆ ਗਏ ਹਨ ਜਾਂ ਵਾਪਸ ਜਾਣ ਦੀ ਯੋਜਨਾ ਬਣਾ ਰਹੇ ਹਨ।

# ਸਪੇਨ ਤੋਂ ਨਾਰਵੇ ਤੱਕ ਅਜੀਬ ਕਾਨੂੰਨ! ਇਸ ਕਾਰਨ ਕਰਕੇ ਮਰਨ 'ਤੇ ਲੱਗਿਆ ਹੋਇਆ ਬੈਨ...

ਨਵੀਂ ਦਿੱਲੀ, 03 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਜੰਮਣਾ ਅਤੇ ਮਰਨਾ ਜ਼ਿੰਦਗੀ ਦ ਇੱਕ ਕਾਲ ਚੱਕਰ ਹੈ, ਜੋ ਜੰਮਿਆ ਹੈ ਉਸ ਨੇ ਮਰਨਾ ਹੈ। ਹਰ ਦੇਸ਼ ਦੇ ਵਿੱਚ ਬੱਚੇ ਦੇ ਜਨਮ ਸਮੇਂ ਜਸ਼ਨ ਅਤੇ ਖੁਸ਼ੀ ਹੁੰਦੀ ਹੈ। ਉੱਥੇ ਹੀ ਜਦੋਂ ਕੋਈ ਇਸ ਸੰਸਾਰ ਤੋਂ ਜਾਂਦਾ ਹੈ ਤਾਂ ਹਰ ਧਰਮ ਦੇ ਲੋਕ ਆਪੋ ਆਪਣੇ ਰੀਤੀ-ਰਿਵਾਜ਼ਾਂਦੇ ਅਨੁਸਾਰ ਅੰਤਿਮ ਸੰਸਕਾਰ ਕਰਦੇ ਹਨ। ਪਰ ਕੁੱਝ ਦੇਸ਼ ਅਜਿਹੇ ਹਨ ਜਿੱਥੇ ਮਰਨ ਉੱਤੇ ਬੈਨ ਲੱਗਿਆ ਹੋਇਆ ਹੈ। ਆਓ ਜਾਣਦੇ ਹਾਂ ਇਸ ਦੇ ਪਿੱਛੇ ਕੀ ਕਾਰਨ ਹੈ।

ਸਪੇਨ ਦੇ ਗ੍ਰੇਨੇਡਾ ਸਟੇਟ ਦੇ ਲਾਂਜ਼ਾਰੋਨ ਪਿੰਡ ਵਿੱਚ ਇਕ ਅਜੀਬੋ-ਗਰੀਬ ਨਿਯਮ ਹੈ, ਜਿਥੇ ਰਹਿਣ ਵਾਲਿਆਂ ਲਈ "ਮਰਨਾ ਬੈਨ" ਹੈ। ਜੀ ਹਾਂ ਇਹ ਪੜ੍ਹ ਕੇ ਹਰ ਕੋਈ ਹੈਰਾਨ ਹੋ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਪਿੰਡ ਦੀ ਅਬਾਦੀ ਲਗਭਗ 4000 ਹੈ। ਇਹ ਅਨੋਖਾ ਨਿਯਮ 26 ਸਾਲ ਪਹਿਲਾਂ ਪੁਰਾਣੇ ਮੇਅਰ ਹੋਸੇ ਰੂਬਿਓ ਵੱਲੋਂ ਬਣਾਇਆ ਗਿਆ ਸੀ। 1999 ਵਿੱਚ, ਰੂਬਿਓ ਨੇ ਇੱਕ ਐਲਾਨ ਕੀਤਾ ਸੀ, ਜਿਸ ਵਿੱਚ ਲਾਂਜ਼ਾਰੋਨ ਦੇ ਨਿਵਾਸੀਆਂ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਆਪਣੀ ਸਿਹਤ ਦਾ ਖ਼ਾਸ ਧਿਆਨ ਰੱਖਣ ਤਾਂ ਜੋ ਉਹ ਉਦੋਂ ਤੱਕ ਨਾ ਮਰਣ, ਜਦ ਤੱਕ ਪਿੰਡ ਵਿੱਚ ਮਰੇ ਹੋਏ ਲੋਕਾਂ ਦੀ ਦਫ਼ਨਾਉਣ ਲਈ ਜ਼ਮੀਨ ਨਾ ਮਿਲ ਜਾਵੇ।

## ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

**ਲਿਖਤਾਂ ਭੇਜਣ ਲਈ ਈਮੇਲ ਪਤਾ**
vishavPunjabisanjh@gmail.com

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



BRAMPTON
CASH & CARRY
AAPKI PASAND ATTA 20LB $9.98
KANHAJI BOONDI 350G $2.79
MEGH POHA MEDIUM 2LB $2.79
AAPKI PASAND ROASTED CHANA 400G $2.98
BEST FOOD GUR RUSK 600G $1.99
QILLA GOLD BASMATI RICE 10LB $11.98
QILLA PREMIUM BASMATI RICE 10LB $11.98
JASHAN 1121 SELLA BASMATI RICE 10LB $7.98
RAJDHANI MUSTARD OIL 5 LTR $19.98
TATA TEA AGNI LOOSE 1 KG $5.98
OLD DUTCH DETERGENT 6 LTR $6.98
LYALLPUR ATTA BISCUITS 1.8KG $9.98
BRAMPTON CASH & CARRY
IMPORTER | WHOLESALER | RETAILER
CONTACT: 905-230-4800
100 KENNEDY ROAD SOUTH BRAMPTON

# ਡੋਨਾਲਡ ਟਰੰਪ ਨੇ ਆਪਣੇ ਹੀ 34 ਫੈਸਲੇ ਬਦਲੇ

ਅਮਰੀਕਾ, 03 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਆਪਣਾ ਅਹੁਦਾ ਸੰਭਾਲੇ ਹੋਏ 194 ਦਿਨ ਹੋ ਗਏ ਹਨ। ਲਗਭਗ 200 ਦਿਨਾਂ ਵਾਲਾ ਉਨ੍ਹਾਂ ਦਾ ਇਹ ਕਾਰਜਕਾਲ ਉਥਲ-ਪੁਥਲ ਵਾਲਾ ਅਤੇ ਯੂ-ਟਰਨ ਵਾਲਾ ਰਿਹਾ ਹੈ। ਸਭ ਤੋਂ ਜ਼ਿਆਦਾ ਯੂ-ਟਰਨ ਟੈਰਿਫ਼ ਨੀਤੀਆਂ 'ਚ ਦੇਖਣ ਨੂੰ ਮਿਲਿਆ, ਟਰੰਪ ਹੁਣ ਤੱਕ ਟੈਰਿਫ਼ ਨਾਲ ਜੁੜੇ 28 ਫੈਸਲਿਆਂ 'ਤੇ ਯੂ ਟਰਨ ਲੈ ਕੇ ਚੁੱਕੇ ਹਨ। ਟਰੰਪ ਪ੍ਰਸ਼ਾਸਨ ਨੇ ਹੁਣ ਤੱਕ ਰਿਕਾਰਡ 178 ਐਗਜ਼ੀਕਿਊਟਿਵ ਆਰਡਰ ਸਾਈਨ ਕੀਤੇ ਹਨ ਯਾਨੀ ਕਿ ਰਾਸ਼ਟਰਪਤੀ ਟਰੰਪ ਨੇ ਹਰ ਦਿਨ ਇਕ ਨਵਾਂ ਹੁਕਮ ਦਿੱਤਾ ਹੈ। ਇਨ੍ਹਾਂ ਵਿਚੋਂ 34 ਫੈਸਲੇ ਅਜਿਹੇ ਹਨ ਜਿਨ੍ਹਾਂ ਨੂੰ ਖ਼ੁਦ ਹੀ ਟਰੰਪ ਨੇ ਪਲਟ ਦਿੱਤਾ ਹੈ। ਉਦਾਹਰਣ ਵਜੋਂ ਰਿਸਰਚ ਫੰਡਿੰਗ 'ਤੇ ਰੋਕ ਦੇ ਹੁਕਮ ਨੂੰ ਸਿਰਫ਼ 3 ਦਿਨਾਂ 'ਚ ਹੀ ਪਲਟ ਦਿੱਤਾ। ਇਸ ਤੋਂ ਇਲਾਵਾ ਊਰਜਾ ਖੇਤਰ 'ਚ ਦਿੱਤੀਆਂ ਗਈਆਂ ਰਾਹਤਾਂ ਨੂੰ ਵਾਪਸ ਲੈਣ ਦੇ ਫੈਸਲੇ 'ਤੇ ਟਰੰਪ ਵੱਲੋਂ ਦੋ ਹਫ਼ਤਿਆਂ ਮਗਰੋਂ ਯੂ-ਟਰਨ ਲਿਆ ਗਿਆ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਯੂ-ਟਰਨ ਵਾਲੇ ਫੈਸਲਿਆਂ ਦੇ ਚਲਦੇ ਸਭ ਤੋਂ ਜ਼ਿਆਦਾ ਭਰਮ ਇੰਡਸਟਰੀ ਵਰਲਡ 'ਚ ਬਣਿਆ ਹੋਇਆ ਹੈ।



# ਗੈਰ-ਕਾਨੂੰਨੀ ਪ੍ਰਵਾਸ ਨੂੰ ਹੱਲਾਸ਼ੇਰੀ ਦੇਣ ਵਾਲੇ ਗਿਰੋਹਾਂ ਵਿਰੁੱਧ ਆਵੇਗਾ ਨਵਾਂ ਕਾਨੂੰਨ

ਲੰਡਨ, 03 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) ਬਰਤਾਨੀਆਂ ਨੇ ਐਤਵਾਰ ਨੂੰ ਇਕ ਨਵੇਂ ਕਾਨੂੰਨ ਦੀ ਯੋਜਨਾ ਦਾ ਪ੍ਰਗਟਾਵਾ ਕੀਤਾ ਹੈ ਜਿਸ ਹੇਠ ਗੈਰ-ਕਾਨੂੰਨੀ ਤਰੀਕਿਆਂ ਨਾਲ ਪ੍ਰਵਾਸ ਨੂੰ ਉਤਸ਼ਾਹਤ ਕਰਨ ਵਾਲੇ ਸੋਸ਼ਲ ਮੀਡੀਆ ਇਸ਼ਤਿਹਾਰਾਂ ਦੇ ਪਿੱਛੇ ਅਪਰਾਧਕ ਗਿਰੋਹਾਂ ਉਤੇ ਸ਼ਿਕੰਜਾ ਕੱਸਿਆ ਜਾਵੇਗਾ। ਇਹ ਗਿਰੋਹ ਖਤਰਨਾਕ ਛੋਟੀਆਂ ਕਿਸ਼ਤੀਆਂ ਰਾਹੀਂ ਅਤੇ ਹੋਰ ਤਰੀਕਿਆਂ ਰਾਹੀਂ ਗ਼ੈਰਕਾਨੂੰਨੀ ਪ੍ਰਵਾਸੀ ਯੂ.ਕੇ. 'ਚ ਦਾਖ਼ਲ ਕਰਵਾਉਂਦੇ ਹਨ। ਸਰਹੱਦੀ ਸੁਰੱਖਿਆ, ਸ਼ਰਨ ਅਤੇ ਇਮੀਗ੍ਰੇਸ਼ਨ ਬਿੱਲ ਵਿਚ ਇਕ ਨਵੀਂ ਸੋਧ ਦੇ ਤਹਿਤ, ਬਰਤਾਨੀਆਂ ਦੇ ਇਮੀਗ੍ਰੇਸ਼ਨ ਕਾਨੂੰਨ ਦੀ ਉਲੰਘਣਾ ਨੂੰ ਉਤਸ਼ਾਹਤ ਕਰਨ ਵਾਲੀ ਜਾਂ ਸੇਵਾਵਾਂ ਦੀ ਪੇਸ਼ਕਸ਼ ਕਰਨ ਵਾਲੀ ਆਨਲਾਈਨ ਸਮੱਗਰੀ ਤਿਆਰ ਕਰਨ ਨੂੰ ਅਪਰਾਧ ਐਲਾਨ ਕੀਤਾ ਜਾਵੇਗਾ। ਇਸ ਵਿਚ ਇੰਗਲਿਸ਼ ਚੈਨਲ ਦੇ ਪਾਰ ਛੋਟੀਆਂ ਕਿਸ਼ਤੀਆਂ ਨੂੰ ਪਾਰ ਕਰਨਾ, ਪਾਸਪੋਰਟ ਜਾਂ ਵੀਜ਼ਾ ਵਰਗੇ ਜਾਅਲੀ ਯਾਤਰਾ ਦਸਤਾਵੇਜ਼ ਬਣਾਉਣਾ, ਗੈਰ-ਕਾਨੂੰਨੀ ਕੰਮ ਦੇ ਮੌਕਿਆਂ ਦਾ ਸਪੱਸ਼ਟ ਤੌਰ ਉਤੇ ਵਾਅਦਾ ਕਰਨਾ ਸ਼ਾਮਲ ਹੋ ਸਕਦਾ ਹੈ, ਤਾਂ ਜੋ ਦੁਨੀਆਂ ਵਿਚ ਕਿਤੇ ਵੀ ਸਥਿਤ ਮਨੁੱਖੀ ਤਸਕਰਾਂ ਨੂੰ ਨਿਸ਼ਾਨਾ ਬਣਾਇਆ ਜਾ ਸਕੇ। ਨਵੇਂ ਅਪਰਾਧ ਤਹਿਤ ਫੜੇ ਗਏ ਵਿਅਕਤੀਆਂ ਨੂੰ ਪੰਜ ਸਾਲ ਕੈਦ ਅਤੇ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਰਤਾਨੀਆਂ ਦੇ ਗ੍ਰਹਿ ਮੰਤਰੀ ਨੇ ਕਿਹਾ, "ਬਰਤਾਨੀਆਂ ਦੀ ਸੁਰੱਖਿਅਤ ਯਾਤਰਾ ਅਤੇ ਇਸ ਦੇਸ਼ ਵਿਚ ਜ਼ਿੰਦਗੀ ਬਿਤਾਉਣ ਦੇ ਝੂਠੇ ਵਾਅਦੇ ਨੂੰ ਸਿਰਫ ਪੈਸਾ ਕਮਾਉਣ ਲਈ ਵੇਚਣਾ ਅਨੈਤਿਕ ਤੋਂ ਘੱਟ ਨਹੀਂ ਹੈ।"

# ਅਮਰੀਕਾ 'ਚ ਭਾਰਤੀ ਮੂਲ ਦੇ ਚਾਰ ਵਿਅਕਤੀ ਲਾਪਤਾ



ਅਮਰੀਕਾ, 03 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) ਨਿਊਯਾਰਕ ਤੋਂ ਪੈਨਸਿਲਵੇਨੀਆ ਦੀ ਸੜਕ ਯਾਤਰਾ ਦੌਰਾਨ ਇੱਕ ਭਾਰਤੀ ਮੂਲ ਦੇ ਪਰਿਵਾਰ ਦੇ ਚਾਰ ਸੀਨੀਅਰ ਨਾਗਰਿਕ ਲਾਪਤਾ ਹੋ ਗਏ ਹਨ, ਜਿਨ੍ਹਾਂ ਨੂੰ 29 ਜੁਲਾਈ ਨੂੰ ਆਖਰੀ ਵਾਰ ਦੇਖਿਆ ਗਿਆ ਸੀ, ਇਸ ਤੋਂ ਬਾਅਦ ਪੁਲਿਸ ਅਜੇ ਤੱਕ ਉਨ੍ਹਾਂ ਦਾ ਪਤਾ ਨਹੀਂ ਲਗਾ ਸਕੀ ਹੈ। ਰਿਪੋਰਟਾਂ ਅਨੁਸਾਰ, ਚਾਰ ਸੀਨੀਅਰ ਨਾਗਰਿਕ - ਡਾ. ਕਿਸ਼ੋਰ ਦੀਵਾਨ (89), ਆਸ਼ਾ ਦੀਵਾਨ (85), ਸ਼ੈਲੇਸ਼ ਦੀਵਾਨ (86), ਅਤੇ ਗੀਤਾ ਦੀਵਾਨ (84) - ਨੂੰ ਆਖਰੀ ਵਾਰ 29 ਜੁਲਾਈ ਨੂੰ ਪੈਨਸਿਲਵੇਨੀਆ ਦੇ ਏਰੀ ਵਿੱਚ ਪੀਚ ਸਟਰੀਟ 'ਤੇ ਇੱਕ ਬਰਗਰ ਕਿੰਗ ਆਊਟਲੈੱਟ 'ਤੇ ਦੇਖਿਆ ਗਿਆ ਸੀ। ਉਨ੍ਹਾਂ ਦਾ ਆਖਰੀ ਕ੍ਰੈਡਿਟ ਕਾਰਡ ਲੈਣ-ਦੇਣ ਵੀ ਇਸੇ ਸਥਾਨ 'ਤੇ ਹੋਇਆ ਸੀ। ਦੋਵੇਂ ਬਜ਼ੁਰਗ ਆਦਮੀ ਅਤੇ ਉਨ੍ਹਾਂ ਦੀਆਂ ਪਤਨੀਆਂ ਹਲਕੇ ਹਰੇ ਰੰਗ ਦੀ ਟੋਇਟਾ ਕੈਮਰੀ ਵਿੱਚ ਯਾਤਰਾ ਕਰ ਰਹੇ ਸਨ, ਜਿਸਦੀ ਨਿਊਯਾਰਕ ਲਾਇਸੈਂਸ ਪਲੇਟ ਸੀ। ਉਨ੍ਹਾਂ ਨੇ ਮੰਗਲਵਾਰ ਰਾਤ ਨੂੰ ਪੈਲੇਸ ਆਫ਼ ਗੋਲਡ ਵਿੱਚ ਰੁਕਣ ਦੀ ਯੋਜਨਾ ਬਣਾਈ ਸੀ। ਹਾਲਾਂਕਿ, WTRF.com ਦੀ ਇੱਕ ਰਿਪੋਰਟ ਦੇ ਅਨੁਸਾਰ, ਪੁਲਿਸ ਨੇ ਪੁਸ਼ਟੀ ਕੀਤੀ ਕਿ ਸਮੂਹ ਨੇ ਕਦੇ ਵੀ ਚੈੱਕ ਇਨ ਨਹੀਂ ਕੀਤਾ।







# ਕਾਗਜ਼ ਦੀਆਂ ਰਸੀਦਾਂ ਵਿੱਚ ਛੁਪਿਆ ਹੈ ਜ਼ਹਿਰ, ਕੈਂਸਰ ਤੋਂ ਲੈ ਕੇ ਇਨ੍ਹਾਂ ਬਿਮਾਰੀਆਂ ਦਾ ਖ਼ਤਰਾ



ਨਵੀਂ ਦਿੱਲੀ, 03 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਜੇਕਰ ਅਸੀਂ ਕਿਸੇ ਵੱਡੀ ਦੁਕਾਨ ਜਾਂ ਮਾਲ ਤੋਂ ਕੁਝ ਵੀ ਖਰੀਦਣ ਤੋਂ ਬਾਅਦ ਬਿੱਲ ਲੈਂਦੇ ਹਾਂ, ਤਾਂ ਇਹ ਬਿੱਲ ਕਾਗਜ਼ ਦੀ ਰਸੀਦ ਦੇ ਰੂਪ ਵਿੱਚ ਪ੍ਰਾਪਤ ਹੁੰਦਾ ਹੈ। ਅਸੀਂ ਇਹ ਰਸੀਦ ਆਪਣੇ ਹੱਥ ਵਿੱਚ ਲੈਂਦੇ ਹਾਂ, ਪਰ ਕੀ ਤੁਸੀਂ ਜਾਣਦੇ ਹੋ ਕਿ ਇਹ ਰਸੀਦਾਂ ਕਈ ਬਿਮਾਰੀਆਂ ਦਾ ਕਾਰਨ ਬਣ ਸਕਦੀਆਂ ਹਨ। ਇਹ ਇਸ ਲਈ ਹੈ ਕਿਉਂਕਿ ਜ਼ਿਆਦਾਤਰ ਖਰੀਦਦਾਰੀ ਬਿੱਲ ਥਰਮਲ ਪੇਪਰ 'ਤੇ ਪ੍ਰਿੰਟ ਹੁੰਦੇ ਹਨ, ਜਿਸ ਵਿੱਚ BPA (Bisphenol A) ਜਾਂ BPS (Bisphenol S) ਵਰਗੇ ਕੈਮਿਕਲ ਵਰਤੇ ਜਾਂਦੇ ਹਨ। ਇਹ ਕੈਮਿਕਲ ਕੈਂਸਰ ਤੋਂ ਲੈ ਕੇ ਹਾਰਮੋਨਸ ਦੇ ਅਸੰਤੁਲਨ ਤੱਕ ਹਰ ਚੀਜ਼ ਦਾ ਕਾਰਨ ਬਣ ਸਕਦੇ ਹਨ। ਆਓ ਪਹਿਲਾਂ ਜਾਣਦੇ ਹਾਂ ਕਿ ਥਰਮਲ ਪੇਪਰ ਕੀ ਹੈ ਅਤੇ ਇਹ ਕਿਵੇਂ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ।

ਥਰਮਲ ਪੇਪਰ ਸਿਰਫ਼ ਇੱਕ ਕਾਗਜ਼ ਹੈ। ਇਸ 'ਤੇ ਇੱਕ ਖਾਸ ਪਰਤ ਹੁੰਦੀ ਹੈ। ਜਦੋਂ ਇਸ ਕਾਗਜ਼ ਨੂੰ ਪ੍ਰਿੰਟਰ ਰਾਹੀਂ ਬਾਹਰ ਕੱਢਿਆ ਜਾਂਦਾ ਹੈ, ਤਾਂ ਇਹ ਪਰਤ ਪ੍ਰਿੰਟਰ ਦੀ ਗਰਮੀ ਨਾਲ ਪ੍ਰਤੀਕਿਰਿਆ ਕਰਦੀ ਹੈ ਅਤੇ ਟੈਕਸਟ ਬਣਾਉਂਦੀ ਹੈ। ਜੋ ਬਿੱਲ 'ਤੇ ਲਿਖਿਆ ਹੁੰਦਾ ਹੈ। ਗਰਮੀ ਕਾਰਨ ਇਹ ਖਾਸ ਕੋਟਿੰਗ ਕਾਗਜ਼ 'ਤੇ ਵੀ ਆਉਂਦੀ ਹੈ। ਇਸ ਵਿੱਚ BPA ਮੌਜੂਦ ਹੁੰਦਾ ਹੈ, ਜੋ ਕਈ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। BPA ਇੱਕ ਐਂਡੋਕਰਾਈਨ ਡਿਸਰਪਟਰਸ (Hormone Disrupting Chemicals) ਹੈ। ਇਹ ਸਰੀਰ ਦੇ ਹਾਰਮੋਨ ਸਿਸਟਮ ਵਿੱਚ ਵਿਘਨ ਪਾਉਂਦੇ ਹਨ।

ਹਾਰਮੋਨ ਸਿਸਟਮ ਵਿੱਚ ਗੜਬੜੀ ਕਾਰਨ ਕੀ ਹੁੰਦਾ ਹੈ? SGT ਯੂਨੀਵਰਸਿਟੀ ਗੁਰੂਗ੍ਰਾਮ ਦੇ ਫੋਰੈਂਸਿਕ ਮਾਹਰ ਡਾ. ਭੁਪੇਸ਼ ਕੁਮਾਰ ਸ਼ਰਮਾ ਦੱਸਦੇ ਹਨ ਕਿ BPA ਦੇ ਸੰਪਰਕ ਵਿੱਚ ਆਉਣ ਨਾਲ ਹਾਰਮੋਨਲ ਅਸੰਤੁਲਨ ਹੋ ਸਕਦਾ ਹੈ, ਖਾਸ ਕਰਕੇ ਐਸਟਰੋਜਨ ਦੇ ਪੱਧਰ ਵਿੱਚ ਗੜਬੜ ਹੋ ਸਕਦੀ ਹੈ। ਇਸ ਨਾਲ PCOS, ਬਾਂਝਪਨ ਵਰਗੀਆਂ ਪ੍ਰਜਨਨ ਸਮੱਸਿਆਵਾਂ ਅਤੇ ਬ੍ਰੈਸਟ ਜਾਂ ਪ੍ਰੋਸਟੇਟ ਕੈਂਸਰ ਦਾ ਖ਼ਤਰਾ ਵੀ ਹੋ ਸਕਦਾ ਹੈ। ਕਈ ਮਾਮਲਿਆਂ ਵਿੱਚ, ਇਹ ਥਾਇਰਾਇਡ ਫੰਕਸ਼ਨ ਵਿੱਚ ਵੀ ਗੜਬੜ ਪੈਦਾ ਕਰ ਸਕਦਾ ਹੈ। ਇਸ ਤੋਂ ਇਲਾਵਾ, ਬੱਚਿਆਂ ਵਿੱਚ ਨਿਊਰੋਲੌਜੀਕਲ ਸਮੱਸਿਆਵਾਂ ਜਿਵੇਂ ਕਿ ADHD ਦਾ ਖ਼ਤਰਾ ਵੀ ਹੋ ਸਕਦਾ ਹੈ, ।

## ਕਿਹੜੇ ਲੋਕਾਂ ਨੂੰ ਜ਼ਿਆਦਾ ਖ਼ਤਰਾ?

*BPA ਕਿਸੇ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ, ਪਰ ਗਰਭਵਤੀ ਔਰਤਾਂ, ਛੋਟੇ ਬੱਚੇ ਅਤੇ ਕਿਸ਼ੋਰ ਇਸ ਤੋਂ ਜ਼ਿਆਦਾ ਪ੍ਰਭਾਵਿਤ ਹੋ ਸਕਦੇ ਹਨ। ਬੱਚਿਆਂ ਵਿੱਚ, ਇਹ ਕੈਮਿਕਲ ਮਾਨਸਿਕ ਵਿਕਾਸ ਨੂੰ ਪ੍ਰਭਾਵਿਤ ਕਰ ਸਕਦੇ ਹਨ। ਅਜਿਹੀ ਸਥਿਤੀ ਵਿੱਚ, ਇਹਨਾਂ ਰਸੀਦਾਂ ਤੋਂ ਬਚਣਾ ਚਾਹੀਦਾ ਹੈ।*



## ਕੀ ਸਾਰੀਆਂ ਰਸੀਦਾਂ ਖ਼ਤਰਨਾਕ ਹੁੰਦੀਆਂ?

ਕੁਝ ਬ੍ਰਾਂਡ BPA-ਮੁਕਤ ਕਾਗਜ਼ ਦੀ ਵਰਤੋਂ ਕਰਦੇ ਹਨ। ਇਹਨਾਂ ਕਾਗਜ਼ਾਂ ਵਿੱਚ BPA ਦਾ ਖ਼ਤਰਾ ਘੱਟ ਹੁੰਦਾ ਹੈ। ਜਿਸ ਕਾਰਨ ਬਿਮਾਰੀਆਂ ਦਾ ਖ਼ਤਰਾ ਬਹੁਤ ਘੱਟ ਹੁੰਦਾ ਹੈ।

## ਇਹਨਾਂ ਰਸੀਦਾਂ ਤੋਂ ਕਿਵੇਂ ਬਚੀਏ?



*ਰਸੀਦ ਨੂੰ ਸਿੱਧੇ ਹੱਥਾਂ ਨਾਲ ਨਾ ਛੂਹੋ, ਖਾਸ ਕਰਕੇ ਜਦੋਂ ਹੱਥ ਗਿੱਲੇ ਹੋਣ*

*ਜੇ ਜ਼ਰੂਰੀ ਨਾ ਹੋਵੇ, ਤਾਂ ਰਸੀਦ ਨਾ ਲਓ, ਡਿਜੀਟਲ ਬਿੱਲ (SMS ਜਾਂ ਈਮੇਲ) ਲਓ*

*ਰਸੀਦ ਨੂੰ ਖਾਣ-ਪੀਣਦੀਆਂ ਚੀਜ਼ਾਂ ਦੇ ਨੇੜੇ ਨਾ ਰੱਖੋ*

*ਬਿੱਲ ਨੂੰ ਬੱਚਿਆਂ ਜਾਂ ਗਰਭਵਤੀ ਔਰਤਾਂ ਤੋਂ ਦੂਰ ਰੱਖੋ*

*ਬਿੱਲ ਨੂੰ ਛੂਹਣ ਤੋਂ ਬਾਅਦ ਹੱਥ ਧੋਵੋ*

*ਥਰਮਲ ਰਸੀਦਾਂ ਨੂੰ ਰੀਸਾਈਕਲ ਨਾ ਕਰੋ, ਕਿਉਂਕਿ ਇਸ ਨਾਲ ਹੋਰ ਉਤਪਾਦਾਂ ਵਿੱਚ ਰਸਾਇਣ ਮਿਲ ਸਕਦੇ ਹਨ ।*






# ਪ੍ਰਾਈਵੇਟ ਸਕੂਲਾਂ ਦੇ ਫੀਸ ਵਾਧੇ 'ਤੇ ਕੰਟਰੋਲ ਸਬੰਧੀ ਮੌਨਸੂਨ ਸੈਸ਼ਨ 'ਚ ਬਿੱਲ ਪੇਸ਼ ਕਰੇਗੀ ਦਿੱਲੀ ਸਰਕਾਰ: ਰੇਖਾ ਗੁਪਤਾ

ਨਵੀਂ ਦਿੱਲੀ, 03 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਦਿੱਲੀ ਦੇ ਮੁੱਖ ਮੰਤਰੀ ਰੇਖਾ ਗੁਪਤਾ ਨੇ ਅੱਜ ਕਿਹਾ ਕਿ ਦਿੱਲੀ ਸਰਕਾਰ ਵਿਧਾਨ ਸਭਾ ਦੇ ਆਗਾਮੀ ਮੌਨਸੂਨ ਸੈਸ਼ਨ ਵਿੱਚ ਪ੍ਰਾਈਵੇਟ ਸਕੂਲਾਂ ਵਿੱਚ ਫੀਸਾਂ ਦੇ ਵਾਧੇ ਨੂੰ ਰੈਗੂਲੇਟ ਕਰਨ ਸਬੰਧੀ ਬਿੱਲ ਪੇਸ਼ ਕਰੇਗੀ। ਕੈਬਨਿਟ ਵੱਲੋਂ 29 ਅਪਰੈਲ ਮਨਜ਼ੂਰ ਕੀਤੇ ਆਰਡੀਨੈਂਸ ਦੇ ਅਨੁਸਾਰ ਇਸ ਬਿਲ 'ਚ ਮਨਮਰਜ਼ੀ ਨਾਲ ਫੀਸਾਂ ਵਧਾਉਣ ਵਾਲੇ ਸਕੂਲਾਂ ਨੂੰ ਭਾਰੀ ਜੁਰਮਾਨਾ ਲਾਉਣ ਦਾ ਪ੍ਰਬੰਧ ਹੋਵੇਗਾ। ਇਸ ਤਹਿਤ ਪਹਿਲੀ ਵਾਰ ਉਲੰਘਣਾ ਕਰਨ 'ਤੇ ਸਕੂਲਾਂ ਨੂੰ 1 ਲੱਖ ਰੁਪਏ ਤੋਂ 5 ਲੱਖ ਰੁਪਏ ਤੱਕ ਦਾ ਜੁਰਮਾਨਾ ਲਗਾਇਆ ਜਾਵੇਗਾ ਤੇ ਵਾਰ ਵਾਰ ਨਿਯਮਾਂ ਦੀ ਉਲੰਘਣਾ ਕਰਨ 'ਤੇ 2 ਤੋਂ 10 ਲੱਖ ਦਾ ਜੁਰਮਾਨਾ ਵੀ ਲਾਇਆ ਜਾ ਸਕਦਾ ਹੈ। ਬਿੱਲ ਮੁਤਾਬਕ ਜੇਕਰ ਸਕੂਲ ਨਿਰਧਾਰਤ ਸਮੇਂ ਅੰਦਰ ਪੈਸੇ ਵਾਪਸ (ਰਿਫੰਡ) ਨਹੀਂ ਕਰਦਾ ਤਾਂ ਜੁਰਮਾਨਾ 20 ਦਿਨਾਂ ਬਾਅਦ ਦੁੱਗਣਾ ਅਤੇ 40 ਦਿਨਾਂ ਬਾਅਦ ਤਿੰਨ ਗੁਣਾ ਹੋ ਜਾਵੇਗਾ। ਇਸ ਦਾ ਮਤਲਬ ਕਿ ਹਰ 20 ਦਿਨਾਂ ਦੀ ਦੇਰੀ ਨਾਲ ਜੁਰਮਾਨੇ ਵਿੱਚ ਵਾਧਾ ਹੋਵੇਗਾ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ, "ਦਿੱਲੀ ਸਰਕਾਰ 4 ਅਗਸਤ ਤੋਂ ਸ਼ੁਰੂ ਹੋਣ ਵਾਲੇ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਵਿੱਚ ਪ੍ਰਾਈਵੇਟ ਸਕੂਲਾਂ ਦੁਆਰਾ ਫੀਸ ਵਾਧੇ ਨੂੰ ਨਿਯਮਤ ਕਰਨ ਲਈ ਸਿੱਖਿਆ ਬਿੱਲ ਪੇਸ਼ ਕਰੇਗੀ। ਦਿੱਲੀ ਵਿਧਾਨ ਸਭਾ ਹੁਣ ਇੱਕ ਕਾਗਜ਼ ਰਹਿਤ ਈ-ਵਿਧਾਨ ਸਭਾ ਵਜੋਂ ਕੰਮ ਕਰੇਗੀ। ਇਹ ਖੁਸ਼ੀ ਦੀ ਗੱਲ ਹੈ ਕਿ



ਦਿੱਲੀ ਵਿਧਾਨ ਸਭਾ ਹੁਣ ਕਾਗਜ਼ ਰਹਿਤ ਹੋਵੇਗੀ। ਅਸੀਂ ਵਿਧਾਨ ਸਭਾ ਨੂੰ ਇੱਕ ਮਾਡਲ ਵਿਧਾਨ ਸਭਾ ਵਜੋਂ ਵੀ ਵਿਕਸਤ ਕੀਤਾ ਹੈ।"ਉਨ੍ਹਾਂ ਕਿਹਾ, "ਅਸੀਂ ਦਿਲੀ ਦਾ ਵਿਕਾਸ ਕਰਨ ਲਈ ਫੈਸਲੇ ਲੈ ਰਹੇ ਹਾਂ।" ਦੱਸ ਦਈਏ ਕਿ ਮੌਨਸੂਨ ਸੈਸ਼ਨ ਰੇਖਾ ਗੁਪਤਾ ਦੀ ਅਗਵਾਈ ਵਾਲੀ ਸਰਕਾਰ ਅਧੀਨ ਦਿੱਲੀ ਵਿਧਾਨ ਸਭਾ ਦਾ ਤੀਜਾ ਸੈਸ਼ਨ ਹੋਵੇਗਾ।



## ਮੁੱਖ ਮੰਤਰੀ ਰੇਖਾ ਵੱਲੋਂ ਡੀਡੀਏ ਫ਼ਲੈਟਾਂ ਦਾ ਨਿਰੀਖਣ

ਮੁੱਖ ਮੰਤਰੀ ਰੇਖਾ ਗੁਪਤਾ ਨੇ ਅੱਜ ਸਵੇਰੇ ਸੁਲਤਾਨਪੁਰੀ ਵਿੱਚ ਡੀਡੀਏ ਫਲੈਟਾਂ ਦਾ ਨਿਰੀਖਣ ਕੀਤਾ। ਉਨ੍ਹਾਂ ਨੇ 50 ਹਜ਼ਾਰ ਫਲੈਟਾਂ ਦੀ ਖਸਤਾ ਹਾਲਤ 'ਤੇ ਦੁੱਖ ਪ੍ਰਗਟ ਕਰਦਿਆਂ ਪਿਛਲੀਆਂ ਸਰਕਾਰਾਂ 'ਤੇ ਨਿਸ਼ਾਨੇ ਸਾਧੇ। ਉਨ੍ਹਾਂ ਕਿਹਾ ਕਿ 2011 ਵਿੱਚ ਸੁਲਤਾਨਪੁਰੀ ਵਿੱਚ ਅਰਬਾਂ ਰੁਪਏ ਦੇ ਬਜਟ ਨਾਲ ਗਰੀਬਾਂ ਅਤੇ ਝੁੱਗੀ-ਝੌਂਪੜੀ ਵਾਲਿਆਂ ਲਈ ਫਲੈਟ ਬਣਾਏ ਗਏ ਸਨ। ਪਰ ਉਸ ਵੇਲੇ ਦੀਆਂ ਸਰਕਾਰਾਂ ਦੀ ਲਾਪਰਵਾਹੀ ਅਤੇ ਮਾੜੇ ਇਰਾਦਿਆਂ ਕਾਰਨ ਇਹ ਫਲੈਟ ਗ਼ਰੀਬਾਂ ਨੂੰ ਨਹੀਂ ਦਿੱਤੇ ਗਏ। ਮੁੱਖ ਮੰਤਰੀ ਨੇ ਦੁਹਰਾਇਆ ਕਿ ਭਾਜਪਾ ਸਰਕਾਰ ਹਰ ਝੁੱਗੀ-ਝੌਂਪੜੀਵਾਲੇ ਨੂੰ ਪੱਕਾ ਘਰ ਦੇਣ ਲਈ ਵਚਨਬੱਧ ਹੈ। ਉਨ੍ਹਾਂ ਨੇ 2011 'ਚ ਉੱਤਰ ਪੱਛਮੀ ਦਿੱਲੀ ਦੇ ਸੁਲਤਾਨਪੁਰੀ ਵਿੱਚ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਬਣਾਏ ਗਏ ਸਰਕਾਰੀ ਫਲੈਟਾਂ ਦਾ ਨਿਰੀਖਣ ਕੀਤਾ। ਉਨ੍ਹਾਂ ਦੱਸਿਆ ਕਿ ਹਜ਼ਾਰਾਂ ਪੁਰਾਣੇ ਫਲੈਟਾਂ ਦੀ ਸਹੀ ਢੰਗ ਨਾਲ ਮੁਰੰਮਤ ਕੀਤੀ ਜਾਵੇਗੀ। ਇਨ੍ਹਾਂ ਫਲੈਟਾਂ ਨੂੰ ਸਾਰੀਆਂ ਸਹੂਲਤਾਂ ਦੇਣ ਤੋਂ ਬਾਅਦ ਦੋ ਕਿਲੋਮੀਟਰ ਦੇ ਘੇਰੇ ਵਿੱਚ ਝੁੱਗੀ-ਝੌਂਪੜੀਵਾਲਿਆਂ ਨੂੰ ਮੁੜ ਵਸਾਉਣ ਦੀ ਯੋਜਨਾ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਲੋੜ ਪਈ ਤਾਂ ਪੁਰਾਣੇ ਫਲੈਟਾਂ ਨੂੰ ਢਾਹ ਕੇ ਦੁਬਾਰਾ ਨਵੇਂ ਸਿਰ੍ਹੇ ਤੋਂ ਬਣਾਇਆ ਜਾਵੇਗਾ। ਸ਼ੁੱਕਰਵਾਰ ਨੂੰ ਮੁੱਖ ਮੰਤਰੀ ਗੁਪਤਾ ਨੇ ਕਿਹਾ ਸੀ ਕਿ ਦਿੱਲੀ ਵਿੱਚ ਕੋਈ ਵੀ ਝੁੱਗੀ-ਝੌਂਪੜੀਨਹੀਂ ਢਾਹੀ ਜਾਵੇਗੀ ਅਤੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਝੁੱਗੀ-ਝੌਂਪੜੀ ਵਾਲਿਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਨੀਤੀ ਬਦਲਣ ਜਾ ਰਹੀ ਹੈ, ਇਸ ਲਈ ਉਹ ਅਦਾਲਤਾਂ ਤੱਕ ਵੀ ਪਹੁੰਚ ਕਰਨ ਨੂੰ ਗੁਰੇਜ਼ ਨਹੀਂ ਕਰਨਗੇ। ਉਨ੍ਹਾਂ ਨੇ ਵੱਖ-ਵੱਖ ਸਰਕਾਰੀ ਵਿਭਾਗਾਂ ਨੂੰ ਇਹ ਵੀ ਹਦਾਇਤ ਕੀਤੀ ਹੈ ਕਿ ਜਦੋਂ ਤੱਕ ਵਸਨੀਕਾਂ ਨੂੰ ਪਹਿਲਾਂ ਵਿਕਲਪਿਕ ਰਿਹਾਇਸ਼ ਨਹੀਂ ਦਿੱਤੀ ਜਾਂਦੀ, ਉਦੋਂ ਤੱਕ ਝੁੱਗੀਆਂ-ਝੌਂਪੜੀਆਂ ਨਾ ਢਾਹੀਆਂ ਜਾਣ।

ਫਲੈਟਾਂ ਦੀ ਮਾੜੀ ਹਾਲਤ 'ਤੇ ਪਿਛਲੀਆਂ ਸਰਕਾਰਾਂ ਨੂੰ ਘੇਰਿਆ

ਮੁੱਖ ਮੰਤਰੀ ਰੇਖਾ ਗੁਪਤਾ ਨੇ ਪਿਛਲੀਆਂ ਦਿੱਲੀ ਸਰਕਾਰਾਂ ਦੀ ਆਲੋਚਨਾ ਵੀ ਕੀਤੀ। ਉਨ੍ਹਾਂ ਕਿਹਾ ਕਿ ਇੰਨੇ ਸਾਲਾਂ ਦੌਰਾਨ ਬਣਾਏ ਗਏ 50 ਹਜ਼ਾਰ ਫਲੈਟਾਂ ਨੂੰ ਹਾਲੇ ਤੱਕ ਅਲਾਟ ਨਹੀਂ ਕੀਤਾ ਗਿਆ, ਪਿਛਲੀਆਂ ਸਰਕਾਰਾਂ ਇਨ੍ਹਾਂ ਨੂੰ ਅਲਾਟ ਕਰਨ ਵਿੱਚ ਅਸਫ਼ਲ ਰਹੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹੀ ਕਾਰਨ ਹੈ ਕਿ ਇਨ੍ਹਾਂ ਫਲੈਟਾਂ ਦੀ ਹਾਲਤ ਖਸਤਾ ਹੋ ਗਈ ਹੈ। ਉਨ੍ਹਾਂ ਕਿਹਾ ਕਿ ਨਾ ਤਾਂ ਕਾਂਗਰਸ ਅਤੇ ਨਾ ਹੀ 'ਆਪ' ਨੇ ਇਹ ਫਲੈਟ ਗ਼ਰੀਬ ਲੋਕਾਂ ਨੂੰ ਦਿੱਤੇ। ਪਰ ਹੁਣ ਸਾਡੀ ਸਰਕਾਰ ਇਹ ਯਕੀਨੀ ਬਣਾਏਗੀ ਕਿ ਮੁਰੰਮਤ ਤੋਂ ਬਾਅਦ ਇਹ ਫਲੈਟ ਝੁੱਗੀ-ਝੌਂਪੜੀਵਾਲਿਆਂ ਨੂੰ ਅਲਾਟ ਕੀਤੇ ਜਾਣ।







BRAMPTON
CASH & CARRY
ROYAL GALA APPLE 1LB $0.98
TOMATOES 1LB $0.99
CAULIFLOWER $1.98
WATERMELON MINI $3.98
LYALLPUR PUNJABI GUR 3KG $9.99 Save $2
SOCIAL TEA PREMIUN TEA 2LB $4.98
Y&Y CHOWMEIN NOODLES 12KG $23.98
GOBIND PANEER 1.6 KG $17.79
BEST FOOD PESI GUR 3KG $9.99 Save $2
CHIM'S VEG HAKKA NOODLES 140G $0.79
SAVERA DESI GHEE 1.6 KG $23.98
LYALLPUR ATTA BISCUIT 1.8KG $9.98
PUNJABI SHAKKAR 3KG $9.99 Save $2
AAPKI PASAND ROASTED CHANA 400G $2.98
CHIM'S GREEN CHILLI SAUCE 200G $1.49
AMLA MURABBA 1KG $3.98
JAGGERY POWDER 3 KG $9.99 Save $2
CHING'S HAKA NOODLES 560G $2.49
CHIM'S SCHEZWAN SAUCE 250G $1.49
CHIM'S RED CHILLI SAUCE 200G $1.49
BRAMPTON CASH & CARRY
IMPORTER | WHOLESALER | RETAILER
CONTACT: 905-230-4800
100 KENNEDY ROAD SOUTH BRAMPTON


BRAMPTON
CASH & CARRY
RAJDHANI MUSTARD OIL
5 LTR
$19.98
NORTH INDIAN BASMATI RICE
10LB
$9.98
BEST FOOD SUJI GUR RUSK
2 for
600G
$5.00
BCC BASMATI RICE
10LB
$7.98
LYALLPUR PUNJABI GUR
3KG
$9.99
Save $2
SOCIAL TEA PREMIUN TEA
2LB
$4.98
Y&Y CHOWMEIN NOODLES
12KG
$23.98
GOBIND PANEER
1.6 KG
$17.79
BEST FOOD PESI GUR
3KG
$9.99
Save $2
TOILET ROLLS 6 MEGA
24 ROLLS
$3.99
SAVERA DESI GHEE
1.6 KG
$23.98
LYALLPUR ATTA BISCUIT
1.8KG
$9.98
PUNJABI SHAKKAR
3KG
$9.99
Save $2
AAPKI PASAND ROASTED CHANA
400G
$2.98
HALDIRAM BOMBAY MIX
1 KG
$3.98
THUMS UP BOTTLE
300ML
$0.99
JAGGERY POWDER
3 KG
$9.99
Save $2
CHING'S HAKA NOODLES
560G
$2.79
MAGGI TOMATO KETCHUP AND HOT & SWEET
500ML
$2.99
NAPKINS CASE
7200 units
$24.98
BRAMPTON
CASH & CARRY
IMPORTER | WHOLESALER | RETAILER
CONTACT: 905-230-4800
100 KENNEDY ROAD SOUTH BRAMPTON